# ਭਾਸ਼ਾ ਅਤੇ ਪੰਜਾਬੀ ਭਾਸ਼ਾ



**1. ਭਾਸ਼ਾ ਕਿਸ ਨੂੰ ਕਹਿੰਦੇ ਹਨ?**

**ਉੱਤਰ** - ਮੂੰਹ ਵਿੱਚੋਂ ਨਿਕਲਣ ਵਾਲੀਆਂ ਸਾਰਥਕ ਅਵਾਜ਼ਾਂ ਜਿਹਨਾਂ ਰਾਹੀਂ ਮਨੁੱਖ ਆਪਣੇ ਮਨੋਭਾਵ ਤੇ ਵਿਚਾਰਾਂ ਨੂੰ ਦੂਜਿਆਂ ਨਾਲ ਸਾਂਝੇ ਕਰਦਾ ਹੈ, ਉਸ ਨੂੰ ਭਾਸ਼ਾ ਕਹਿੰਦੇ ਹਨ। ਭਾਸ਼ਾ ਦੋ ਪ੍ਰਕਾਰ ਦੀ ਹੁੰਦੀ ਹੈ - ਮੌਖਿਕ ਭਾਸ਼ਾ ਅਤੇ ਲਿਖਤੀ ਭਾਸ਼ਾ।

**2. ਆਪਣੇ ਭਾਵਾਂ ਨੂੰ ਪ੍ਰਗਟਾਉਣ ਲਈ ਮਨੁੱਖ ਕਿਹੜੇ ਸਫ਼ਲ ਸਾਧਨ ਦੀ ਵਰਤੋਂ ਕਰਦਾ ਹੈ?**

**ਉੱਤਰ** - ਭਾਸ਼ਾ ਦੀ।

**3. ਸਾਡੇ ਸੰਵਿਧਾਨ ਵਿੱਚ ਕਿੰਨੀਆਂ ਭਾਸ਼ਾਵਾਂ ਪ੍ਰਵਾਨਿਤ ਹਨ?**

**ਉੱਤਰ** - ਸਾਡੇ ਸੰਵਿਧਾਨ ਅਨੁਸਾਰ ਭਾਰਤ ਦੀਆਂ ਬਾਈ ਪ੍ਰਵਾਨਿਤ ਭਾਸ਼ਾਵਾਂ ਇਸ ਪ੍ਰਕਾਰ ਹਨ - ਸੰਸਕ੍ਰਿਤ, ਹਿੰਦੀ, ਉਰਦੂ, ਕਸ਼ਮੀਰੀ, ਡੋਗਰੀ, ਪੰਜਾਬੀ, ਸਿੰਧੀ, ਨੇਪਾਲੀ, ਸੰਥਾਲੀ, ਬੰਗਲਾ, ਬੋਡੋ, ਅਸਾਮੀ, ਮਨੀਪੁਰੀ, ਗੁਜਰਾਤੀ, ਮਰਾਠੀ, ਮੈਥਿਲੀ, ਉੜੀਆ, ਕੌਂਕਣੀ, ਕੰਨੜ, ਮਲਿਆਲਮ, ਤਾਮਿਲ ਅਤੇ ਤੇਲਗੂ।

**4. ਉਪਭਾਸ਼ਾ ਕੀ ਹੁੰਦੀ ਹੈ?**

**ਉੱਤਰ** - ਕਿਸੇ ਭਾਸ਼ਾ-ਖੇਤਰ ਵਿੱਚ ਇਲਾਕਾਈ ਭਿੰਨਤਾ ਨਾਲ ਬੋਲ-ਚਾਲ ਦੀ ਬੋਲੀ ਦੇ ਕਈ ਰੂਪ ਮਿਲਦੇ ਹਨ। ਇਹ ਬੋਲੀ ਦੇ ਵੱਖ-ਵੱਖ ਰੂਪ ਹੀ ਵੱਖ-ਵੱਖ ਉਪਭਾਸ਼ਾਵਾਂ ਹੁੰਦੀਆਂ ਹਨ।

**5. ਪੰਜਾਬੀ ਦੀਆਂ ਉਪਭਾਸ਼ਾਵਾਂ ਕਿਹੜੀਆਂ-ਕਿਹੜੀਆਂ ਹਨ?**

**ਉੱਤਰ** - ਪੰਜਾਬੀ ਭਾਸ਼ਾ ਦੀਆਂ ਉਪਭਾਸ਼ਾਵਾਂ ਇਸ ਪ੍ਰਕਾਰ ਨਿਰਧਾਰਿਤ ਹੋਈਆਂ ਹਨ, ਜਿਵੇਂ : ਮਾਝੀ, ਮਲਵਈ, ਦੁਆਬੀ, ਪੁਆਧੀ, ਪੋਠੋਹਾਰੀ, ਮੁਲਤਾਨੀ ਆਦਿ।

**6 . ਪੰਜਾਬੀ ਦੀਆਂ ਪੁਆਧੀ ਅਤੇ ਦੁਆਬੀ ਉਪਭਾਸ਼ਾਵਾਂ ਕਿਹੜੇ-ਕਿਹੜੇ ਇਲਾਕੇ ਵਿੱਚ ਬੋਲੀਆਂ ਜਾਂਦੀਆਂ ਹਨ?**

**ਉੱਤਰ** - **ਪੁਆਧੀ** : ਜ਼ਿਲ੍ਹਾ ਰੂਪਨਗਰ (ਰੋਪੜ), ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪਟਿਆਲੇ ਦਾ ਪੂਰਬੀ ਹਿੱਸਾ, ਸੰਗਰੂਰ ਦੇ ਮਲੇਰਕੋਟਲੇ ਵੱਲ ਦਾ ਖੇਤਰ, ਫ਼ਤਿਹਗੜ੍ਹ ਸਾਹਿਬ ਦਾ ਪੂਰਬੀ ਹਿੱਸਾ ਅਤੇ ਹਰਿਆਣੇ ਵਿੱਚ ਅੰਬਾਲ਼ਾ ਦਾ ਪੱਛਮੀ ਹਿੱਸਾ।

**ਦੁਆਬੀ** : ਜ਼ਿਲ੍ਹਾ ਜਲੰਧਰ, ਕਪੂਰਥਲ਼ਾ, ਹੁਸ਼ਿਆਰਪੁਰ ਅਤੇ ਸ਼ਹੀਦ ਭਗਤ ਸਿੰਘ ਨਗਰ।

**7. ਪੰਜਾਬੀ ਦੀਆਂ ਉਪਭਾਸ਼ਾਵਾਂ ਦੇ ਆਪਸੀ ਅੰਤਰ ਕਿਉਂ ਪੈਦਾ ਹੋਏ ਤੇ ਹੁਣ ਕਿਉਂ ਘਟਦੇ ਜਾ ਰਹੇ ਹਨ?**

**ਉੱਤਰ** - ਪੁਰਾਣੇ ਸਮਿਆਂ ਵਿੱਚ ਵਿਸ਼ੇਸ਼ ਭੂਗੋਲਿਕ ਸਥਿਤੀਆਂ ਹੋਣ ਕਾਰਨ ਅਤੇ ਆਵਾਜਾਈ ਦੀਆਂ ਸਹੂਲਤਾਂ ਨਾ ਹੋਣ ਕਾਰਨ ਇੱਕ ਖਿੱਤੇ ਦੇ ਲੋਕਾਂ ਦਾ ਦੂਸਰੇ ਖਿੱਤੇ ਦੇ ਲੋਕਾਂ ਨਾਲ ਕੋਈ ਬਹੁਤਾ ਮੇਲ-ਜੋਲ ਨਹੀਂ ਹੁੰਦਾ ਸੀ । ਇਸ ਤੋਂ ਇਲਾਵਾ ਸੰਚਾਰ-ਸਾਧਨਾਂ ਦਾ ਵੀ ਕੋਈ ਬਹੁਤਾ ਵਿਕਾਸ ਨਹੀਂ ਹੋਇਆ ਸੀ ਜਿਸ ਕਾਰਨ ਇੱਕ ਪ੍ਰਾਂਤ ਜਾਂ ਇਲਾਕੇ ਵਿੱਚ ਲੋਕਾਂ ਦੁਆਰਾ ਬੋਲੀ ਜਾਣ ਵਾਲ਼ੀ ਭਾਸ਼ਾ ਵਿੱਚ ਉਚਾਰਨ ਤੇ ਸ਼ਬਦਾਵਲੀ ਦੇ ਪੱਖ ਤੋਂ ਥੋੜ੍ਹਾ-ਬਹੁਤ ਅੰਤਰ ਜ਼ਰੂਰ ਹੁੰਦਾ ਸੀ।

ਅਜੋਕੇ ਪੰਜਾਬ ਵਿੱਚ ਆਵਾਜਾਈ ਅਤੇ ਸੰਚਾਰ-ਸਾਧਨਾਂ ਦੇ ਉੱਨਤ ਹੋਣ ਕਾਰਨ ਵੱਖ-ਵੱਖ ਖੇਤਰਾਂ ਦੇ ਲੋਕਾਂ ਦਾ ਆਪਸੀ ਮੇਲ-ਜੋਲ ਕਾਫ਼ੀ ਵਧ ਗਿਆ ਹੈ ਜਿਸ ਕਾਰਨ ਪੰਜਾਬੀ ਦੀਆਂ ਉਪਭਾਸ਼ਾਵਾਂ ਦੇ ਉੱਘੜਵੇਂ ਅੰਤਰ ਅਤੇ ਵਖਰੇਵੇਂ ਮੱਧਮ ਪੈ ਰਹੇ ਹਨ।

**8. ਟਕਸਾਲੀ ਜਾਂ ਮਿਆਰੀ ਪੰਜਾਬੀ ਭਾਸ਼ਾ ਕਿਸ ਨੂੰ ਕਹਿੰਦੇ ਹਨ?**

**ਉੱਤਰ** - ਟਕਸਾਲੀ ਭਾਸ਼ਾ ਇੱਕ ਆਦਰਸ਼ ਭਾਸ਼ਾ ਹੁੰਦੀ ਹੈ ਜੋ ਸਾਰੇ ਇਲਾਕੇ ਵਿੱਚ ਸਾਂਝੀ ਭਾਸ਼ਾ ਵਜੋਂ ਮਾਨਤਾ ਰੱਖਦੀ ਹੈ। ਪੰਜਾਬੀ ਦੀਆਂ ਥੋੜ੍ਹੇ-ਬਹੁਤੇ ਫ਼ਰਕ ਵਾਲੀਆਂ ਉਪਭਾਸ਼ਾਵਾਂ ਨੂੰ ਛੱਡ ਕੇ ਸਾਰੇ ਪੰਜਾਬ ਵਿੱਚ ਜਿਹੜੀ ਸਰਬ ਸਾਂਝੀ ਭਾਸ਼ਾ ਵਰਤੀ ਜਾਂਦੀ ਹੈ, ਉਸ ਨੂੰ ਟਕਸਾਲੀ ਜਾਂ ਮਿਆਰੀ ਪੰਜਾਬੀ ਭਾਸ਼ਾ ਕਿਹਾ ਜਾਂਦਾ ਹੈ, ਪੰਜਾਬ ਦੇ ਕੇਂਦਰੀ ਇਲਾਕੇ ਦੀ ਬੋਲੀ ਹੋਣ ਕਾਰਨ ਇਸ ਨੂੰ ਕੇਂਦਰੀ ਪੰਜਾਬੀ ਵੀ ਆਖਿਆ ਜਾਂਦਾ ਹੈ। ਪੰਜਾਬੀ ਭਾਸ਼ਾ ਦੇ ਟਕਸਾਲੀ ਰੂਪ ਨੂੰ ਨਿਸ਼ਚਿਤ ਕਰਨ ਦੇ ਲਈ ਮਾਝੀ ਉਪਭਾਸ਼ਾ ਨੂੰ ਆਧਾਰ ਬਣਾਇਆ ਗਿਆ ਹੈ।

**9. ਟਕਸਾਲੀ ਜਾਂ ਮਿਆਰੀ ਭਾਸ਼ਾ ਦੀ ਕੀ ਉਪਯੋਗਤਾ ਹੁੰਦੀ ਹੈ ?**

**ਉੱਤਰ** - ਇਹ ਭਾਸ਼ਾ ਸਰਕਾਰੀ ਪ੍ਰਬੰਧ, ਸਿੱਖਿਆ, ਸਾਹਿਤ, ਸੱਭਿਆਚਾਰ ਅਤੇ ਵਪਾਰ ਆਦਿ ਦੀਆਂ ਲੋੜਾਂ ਨੂੰ ਪੂਰਿਆਂ ਕਰਦੀ ਹੈ।

**10. ਮਲਵਈ ਉਪਭਾਸ਼ਾ ਕਿਹੜੇ-ਕਿਹੜੇ ਜ਼ਿਲ੍ਹਿਆਂ ਵਿੱਚ ਬੋਲੀ ਜਾਂਦੀ ਹੈ?**

**ਉੱਤਰ** - ਜ਼ਿਲ੍ਹਾ ਲੁਧਿਆਣਾ, ਮੁਕਤਸਰ, ਫ਼ਰੀਦਕੋਟ, ਫ਼ਾਜ਼ਿਲਕਾ, ਮੋਗਾ, ਬਠਿੰਡਾ, ਮਾਨਸਾ, ਬਰਨਾਲ਼ਾ, ਫਿਰੋਜ਼ਪੁਰ, ਸਿਰਸਾ (ਹਰਿਆਣਾ), ਸੰਗਰੂਰ ਤੇ ਫ਼ਤਿਹਗੜ੍ਹ ਸਾਹਿਬ ਦਾ ਕੁਝ ਹਿੱਸਾ ਤੇ ਪਟਿਆਲ਼ਾ ਜ਼ਿਲ੍ਹੇ ਦਾ ਪੱਛਮੀ ਭਾਗ ਵੀ ਮਾਲਵੇ ਦੇ ਖੇਤਰ ਵਿੱਚ ਆਉਂਦਾ ਹੈ।

**11. ਰਾਵੀ ਤੇ ਬਿਆਸ ਦਰਿਆਵਾਂ ਦੇ ਵਿਚਕਾਰ ਕਿਹੜੀ ਉਪਭਾਸ਼ਾ ਬੋਲੀ ਜਾਂਦੀ ਹੈ?**

**ਉੱਤਰ** - ਮਾਝੀ।

**12. ਪਿਜਿਨ ਅਤੇ ਕ੍ਰੀਓਲ ਭਾਸ਼ਾ-ਵੰਨਗੀਆਂ ਵਿੱਚ ਕੀ ਅੰਤਰ ਹੈ?**

**ਉੱਤਰ** - ਪਿਜਿਨ ਦਾ ਭਾਵ ਹੈ, ਕੰਮ-ਚਲਾਊ ਭਾਸ਼ਾ ਪਰ ਸਮਾਂ ਪਾ ਕੇ ਜੇ ਇਹੀ ਕੰਮ-ਚਲਾਊ ਭਾਸ਼ਾ ਸਥਾਨਿਕ ਭਾਸ਼ਾ ਬਣ ਜਾਵੇ ਤਾਂ ਉਸ ਨੂੰ ਕ੍ਰੀਓਲ ਦਾ ਨਾਂ ਦਿੱਤਾ ਜਾਂਦਾ ਹੈ। ਸਾਡੇ ਦੇਸ ਵਿੱਚ ਉਰਦੂ ਭਾਸ਼ਾ ਅਜਿਹੀ ਹੀ ਸਥਿਤੀ ਦੀ ਉਪਜ ਹੈ।

**13. ਦੱਸੋ, ਪੰਜਾਬ ਦੇ ਹੇਠ ਲਿਖੇ ਜ਼ਿਲ੍ਹਿਆਂ ਵਿੱਚ ਕਿਹੜੀ-ਕਿਹੜੀ ਉਪਭਾਸ਼ਾ ਵਰਤੀ ਜਾਂਦੀ ਹੈ?**

**ਉੱਤਰ** - ਬਠਿੰਡਾ-ਮਲਵਈ, ਸ਼ਹੀਦ ਭਗਤ ਸਿੰਘ ਨਗਰ-ਦੁਆਬੀ, ਹੁਸ਼ਿਆਰਪੁਰ-ਦੁਆਬੀ, ਤਰਨਤਾਰਨ-ਮਾਝੀ, ਗੁਰਦਾਸਪੁਰ-ਮਾਝੀ, ਫ਼ਾਜ਼ਿਲਕਾ-ਮਲਵਈ, ਰੂਪਨਗਰ-ਪੁਆਧੀ, ਫ਼ਤਿਹਗੜ੍ਹ ਸਾਹਿਬ-ਕੁਝ ਹਿੱਸੇ ਵਿੱਚ ਮਲਵਈ ਅਤੇ ਪੂਰਬੀ ਹਿੱਸੇ ਵਿੱਚ ਪੁਆਧੀ,